# ਹੈਪੇਟਾਈਟਸ ਬੀ ਵੈਕਸੀਨ

## Hepatitis B vaccine

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ**
**ਸਾਰੀਆਂ ਵੈਕਸੀਨਾਂ ਸਮੇਂ ਸਿਰ ਪ੍ਰਾਪਤ ਕਰੋ।**

ਸਮੇਂ ਸਿਰ ਸਾਰੀਆਂ ਵੈਕਸੀਨਾਂ ਲੈ ਕੇ, ਤੁਹਾਡੇ ਬੱਚੇ ਨੂੰ ਉਨ੍ਹਾਂ ਦੇ ਜੀਵਨ ਕਾਲ ਦੌਰਾਨ ਬਹੁਤ ਸਾਰੀਆਂ ਬਿਮਾਰੀਆਂ ਤੋਂ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

ਟੀਕਾਕਰਨ ਨੇ ਪਿਛਲੇ 50 ਸਾਲਾਂ ਵਿੱਚ ਕੈਨੇਡਾ ਵਿੱਚ ਹੋਰ ਕਿਸੇ ਵੀ ਸਿਹਤ ਉਪਾਅ ਨਾਲੋਂ ਵਧੇਰੇ ਜਾਨਾਂ ਬਚਾਈਆਂ ਹਨ।

### ਹੈਪੇਟਾਈਟਿਸ ਬੀ ਵੈਕਸੀਨ ਕੀ ਹੈ?

ਹੈਪੇਟਾਈਟਿਸ ਬੀ ਵੈਕਸੀਨ, ਹੈਪੇਟਾਈਟਿਸ ਬੀ ਵਾਇਰਸ ਦੇ ਵਿਰੁੱਧ ਰੱਖਿਆ ਕਰਦੀ ਹੈ। ਵੈਕਸੀਨ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹੈ।

### ਵੈਕਸੀਨ ਕਿਸਨੂੰ ਲਗਵਾਉਣੀ ਚਾਹੀਦੀ ਹੈ?

ਹੈਪੇਟਾਈਟਿਸ ਬੀ ਵੈਕਸੀਨ ਬਚਿਆਂ ਨੂੰ ਉਹਨਾਂ ਦੇ ਬਚਪਨ ਦੇ ਨੇਮਕ ਟੀਕਾਕਰਣ ਦੇ ਹਿੱਸੇ ਦੇ ਤੌਰ ਮੁਫ਼ਤ ਦਿੱਤੀ ਜਾਂਦੀ ਹੈ। ਇਸਨੂੰ ਆਮ ਤੌਰ 'ਤੇ ਡਿਪਥੀਰੀਆ, ਟੈਟਨਸ, ਪਰਟੂਸਿਸ, ਹੈਪੇਟਾਈਟਸ ਬੀ, ਪੋਲੀਓ ਅਤੇ *ਹੀਮੋਫਿਲਸ ਇਨਫਲੂਐਂਜ਼ੇ* ਟਾਈਪ ਬੀ ਵਰਗੇ ਹੋਰ ਬਚਪਨ ਦੇ ਟੀਕਿਆਂ ਨਾਲ ਜੋੜਿਆ ਜਾਂਦਾ ਹੈ। ਹੋਰ ਜਾਣਕਾਰੀ ਲਈ, HealthLinkBC File #105 ਡਿਪਥੀਰੀਆ, ਟੈਟਨਸ, ਪਰਟੂਸਿਸ, ਹੈਪੇਟਾਈਟਸ ਬੀ, ਪੋਲੀਓ ਅਤੇ ਹੀਮੋਫਿਲਸ ਇਨਫਲੂਐਂਜ਼ੇ ਟਾਈਪ ਬੀ (DTaP-HB-IPV-Hib) ਵੈਕਸੀਨ 'ਤੇ ਜਾਓ। ਕੁਝ ਬੱਚਿਆਂ ਨੂੰ ਹੈਪੇਟਾਈਟਸ ਬੀ ਵੈਕਸੀਨ ਵੱਖਰੇ ਤੌਰ 'ਤੇ ਲਗਾਈ ਜਾ ਸਕਦੀ ਹੈ, ਹੋਰ ਜਾਣਕਾਰੀ ਲਈ, HealthLinkBC File # 25c ਹੈਪੇਟਾਈਟਸ ਬੀ ਵੈਕਸੀਨ 'ਤੇ ਜਾਓ।

ਜੇਕਰ ਤੁਹਾਡਾ ਜਨਮ 1980 ਜਾਂ ਉਸ ਤੋਂ ਬਾਅਦ ਵਿੱਚ ਹੋਇਆ ਸੀ ਅਤੇ ਤੁਹਾਨੂੰ ਹੈਪੇਟਾਈਟਸ ਬੀ ਵੈਕਸੀਨ ਜਾਂ ਤੁਹਾਡੀ ਉਮਰ ਲਈ ਸਿਫ਼ਾਰਸ਼ ਕੀਤੀਆਂ ਖੁਰਾਕਾਂਦੀ ਗਿਣਤੀ ਨਹੀਂ ਮਿਲੀ ਹੈ। ਇਹ ਵੈਕਸੀਨ ਵੀ ਮੁਫ਼ਤ ਹੈ।

ਇਹ ਵੈਕਸੀਨ ਹੈਪੇਟਾਈਟਸ ਬੀ ਦੀ ਲਾਗ ਦੇ ਉੱਚ ਜੋਖਮ ਵਾਲੇ ਬੱਚਿਆਂ ਅਤੇ ਬਾਲਗਾਂ ਲਈ ਮੁਫ਼ਤ ਹੈ, ਜਿਸ ਵਿੱਚ ਸ਼ਾਮਲ ਹਨ:

- ਅੰਤਰਰਾਸ਼ਟਰੀ ਤੌਰ 'ਤੇ ਗੋਦ ਲਏ ਬੱਚਿਆਂ ਦੇ ਘਰੇਲੂ ਸੰਪਰਕ
- ਹੈਪੇਟਾਈਟਸ ਬੀ ਵਾਲੇ ਕਿਸੇ ਵਿਅਕਤੀ ਦੇ ਘਰੇਲੂ ਅਤੇ ਜਿਨਸੀ ਸੰਪਰਕ
- ਦੂਜੇ ਮਰਦਾਂ ਨਾਲ ਜਿਨਸੀ ਸੰਬੰਧ ਰੱਖਣ ਵਾਲੇ ਮਰਦ
- ਕਈ ਜਿਨਸੀ ਸਾਥੀਆਂ ਵਾਲੇ ਜਾਂ ਹਾਲ ਹੀ ਵਿੱਚ ਜਿਨਸੀ ਤੌਰ 'ਤੇ ਸੰਚਾਰਿਤ ਲਾਗ ਹੋਣ ਵਾਲੇ ਲੋਕ
- ਉਹ ਲੋਕ ਜੋ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ ਹਨ ਅਤੇ ਉਨ੍ਹਾਂ ਲੋਕਾਂ ਦੇ ਜਿਨਸੀ ਸਾਥੀ ਜੋ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ ਹਨ
- ਉਹ ਲੋਕ ਜਿਨ੍ਹਾਂ ਨੂੰ ਜਿਗਰ ਦੀ ਪੁਰਾਣੀ ਬਿਮਾਰੀ ਹੈ
- ਉਹ ਲੋਕ ਜਿਨ੍ਹਾਂ ਨੂੰ ਹੈਪੇਟਾਈਟਸ ਹੈ ਜਾਂ ਪਹਿਲਾਂ ਹੋਇਆ ਸੀ
- ਪ੍ਰੀ-ਡਾਇਲਸਿਸ, ਹੀਮੋਡਾਇਲਸਿਸ ਜਾਂ ਪੈਰੀਟੋਨੀਅਲ ਡਾਇਲਸਿਸ ਦੇ ਮਰੀਜ਼ ਸਮੇਤ ਗੁਰਦਿਆਂ ਦੀ ਪੁਰਾਣੀ ਬਿਮਾਰੀ ਵਾਲੇ ਲੋਕ
- ਸਟੈਮ ਸੈੱਲ ਟ੍ਰਾਂਸਪਲਾਂਟ ਪ੍ਰਾਪਤ ਕਰਨ ਵਾਲੇ ਲੋਕ
- ਆਈਲੇਟ (islet) ਸੈੱਲ ਜਾਂ ਠੋਸ ਅੰਗ ਟ੍ਰਾਂਸਪਲਾਂਟ ਹੋਣ ਵਾਲੇ, ਜਾਂ ਉਸ ਦੀ ਉਡੀਕ ਕਰ ਰਹੇ ਲੋਕ
- ਇਮਿਊਨ ਡਿਫੀਸ਼ੀਨੀਸ਼ੀ ਨਾਲ ਪੈਦਾ ਹੋਏ ਲੋਕ
- ਹੀਮੋਫਿਲੀਆ ਹੋਣ ਜਾਂ ਵਾਰ-ਵਾਰ ਖ਼ੂਨ ਜਾਂ ਖ਼ੂਨ ਦੇ ਉਤਪਾਦਾਂ ਦਾ ਨਿਵੇਸ਼ ਪ੍ਰਾਪਤ ਕਰਨ ਵਾਲੇ ਲੋਕ
- HIV ਪਾਜ਼ਿਟਿਵ ਲੋਕ
- ਸੁਧਾਰਾਤਮਕ ਸਹੂਲਤ ਦੇ ਕੈਦੀ
- ਹੈਪੇਟਾਈਟਸ ਬੀ ਵਾਲੇ ਬੱਚੇ, ਜਿਸਦਾ ਵਿਵਹਾਰ ਜਾਂ ਡਾਕਟਰੀ ਸਥਿਤੀ ਉਸ ਬੱਚੇ ਦੇ ਖ਼ੂਨ ਜਾਂ ਸਰੀਰ ਦੇ ਤਰਲ ਪਦਾਰਥਾਂ ਦੇ ਸੰਪਰਕ ਵਿੱਚ ਆਉਣ ਦੀ ਸੰਭਾਵਨਾ ਨੂੰ ਵਧਾਉਂਦੀ ਹੈ, ਦੀ ਦੇਖਭਾਲ ਵਾਲੀ ਬਾਲ ਸੰਭਾਲ ਸੈਟਿੰਗ ਵਿੱਚ ਅਧਿਆਪਕ, ਸਟਾਫ਼ ਅਤੇ ਵਿਦਿਆਰਥੀ
- ਵਿਕਾਸ ਸੰਬੰਧੀ ਅਪਾਹਜਤਾਵਾਂ ਵਾਲੇ ਵਿਅਕਤੀਆਂ ਲਈ ਇੱਕ ਕਮਿਊਨਿਟੀ ਗਰੁੱਪ ਹੋਮ ਵਿੱਚ ਸਟਾਫ਼ ਜਾਂ ਨਿਵਾਸੀ
- ਸਿਹਤ ਸੰਭਾਲ ਪੇਸ਼ੇ ਵਿੱਚ ਸਿਖਲਾਈ ਪ੍ਰਾਪਤ ਕਰ ਰਹੇ ਵਿਦਿਆਰਥੀ, ਸਿਹਤ ਸੰਭਾਲ ਕਰਮਚਾਰੀ, ਫਾਰਮਾਸਿਸਟ ਅਤੇ ਅਜਿਹੇ ਲੋਕ ਹੋਰ ਜਿਹੜੇ ਆਪਣੀਆਂ ਨੌਕਰੀਆਂ ਵਿੱਚ ਖ਼ੂਨ ਅਤੇ ਸਰੀਰ ਦੇ ਤਰਲ ਪਦਾਰਥਾਂ ਦੇ ਸੰਪਰਕ ਵਿੱਚ ਆ ਸਕਦੇ ਹਨ

ਸਿਹਤ ਸੰਭਾਲ ਕਰਮਚਾਰੀ, ਫਾਰਮਾਸਿਸਟ ਅਤੇ ਅਜਿਹੇ ਹੋਰ ਲੋਕ ਜਿਨ੍ਹਾਂ ਨੂੰ ਆਪਣੀਆਂ ਨੌਕਰੀਆਂ ਦੌਰਾਨ ਖ਼ੂਨ ਜਾਂ ਸਰੀਰ ਦੇ ਤਰਲ ਪਦਾਰਥਾਂ ਦੇ ਸੰਪਰਕ ਵਿੱਚ ਆਉਣ ਦਾ ਖ਼ਤਰਾ ਹੋ ਸਕਦਾ ਹੈ, ਉਹ ਆਪਣੇ ਰੋਜ਼ਗਾਰਦਾਤਾ ਰਾਹੀਂ ਹੈਪੇਟਾਈਟਸ ਬੀ ਟੀਕਾ ਮੁਫ਼ਤ ਪ੍ਰਾਪਤ ਕਰ ਸਕਦੇ ਹਨ।

ਕੋਈ ਵੀ ਵਿਅਕਤੀ ਜੋ ਮੁਫ਼ਤ ਹੈਪੇਟਾਈਟਸ ਬੀ ਵੈਕਸੀਨ ਪ੍ਰਾਪਤ ਕਰਨ ਲਈ ਯੋਗ ਨਹੀਂ ਹੈ, ਉਹ ਇਸਨੂੰ ਜ਼ਿਆਦਾਤਰ ਫਾਰਮੇਸੀਆਂ ਅਤੇ ਯਾਤਰਾ ਕਲੀਨਿਕਾਂ ਤੋਂ ਖਰੀਦ ਸਕਦਾ ਹੈ।

ਬੀਮਾਰੀਆਂ ਤੋਂ ਬਚਾਉਣ ਲਈ ਲਗਾਏ ਗਏ ਸਾਰੇ ਟੀਕਿਆਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

## ਵੈਕਸੀਨ ਦੇ ਕੀ ਲਾਭ ਹਨ?

ਹੈਪੇਟਾਈਟਸ ਬੀ ਵੈਕਸੀਨ, ਹੈਪੇਟਾਈਟਸ ਬੀ ਲਾਗ ਅਤੇ ਉਸ ਦੀਆਂ ਪੇਚੀਦਗੀਆਂ, ਜਿਵੇਂ ਕਿ ਜਿਗਰ ਦਾ ਸਥਾਈ ਨੁਕਸਾਨ ਜਿਸ ਕਰਕੇ ਜਿਗਰ ਦਾ ਕੈਂਸਰ ਅਤੇ ਮੌਤ ਹੋ ਸਕਦੀ ਹੈ, ਵਿਰੁੱਧ ਰੱਖਿਆ ਕਰਦੀ ਹੈ। ਜਦੋਂ ਤੁਸੀਂ ਆਪਣਾ ਟੀਕਾਕਰਨ ਕਰਵਾਉਂਦੇ ਹੋ, ਤਾਂ ਤੁਸੀਂ ਦੂਜਿਆਂ ਦੀ ਸੁਰੱਖਿਆ ਵਿੱਚ ਵੀ ਮਦਦ ਕਰਦੇ ਹੋ।

## ਵੈਕਸੀਨ ਦੇ ਬਾਅਦ ਦੀਆਂ ਸੰਭਾਵੀ ਪ੍ਰਤੀਕਿਰਿਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹੁੰਦੀਆਂ ਹਨ। ਵੈਕਸੀਨ ਲਗਵਾਉਣਾ ਹੈਪੇਟਾਈਟਸ ਬੀ ਦਾ ਸ਼ਿਕਾਰ ਹੋਣ ਤੋਂ ਜਿਆਦਾ ਸੁਰੱਖਿਅਤ ਹੈ।

ਵੈਕਸੀਨਾਂ ਪ੍ਰਤੀ ਆਮ ਪ੍ਰਤੀਕਿਰਿਆਵਾਂ ਵਿੱਚ ਟੀਕਾ ਲਗਾਏ ਜਾਣ ਵਾਲੀ ਥਾਂ 'ਤੇ ਦਰਦ, ਲਾਲੀ ਅਤੇ ਸੋਜ ਸ਼ਾਮਲ ਹੋ ਸਕਦੀ ਹੈ। ਬੁਖਾਰ, ਸਿਰ ਦਰਦ, ਥਕਾਵਟ, ਮਤਲੀ ਅਤੇ ਦਸਤ ਵੀ ਹੋ ਸਕਦੇ ਹਨ।

ਅਸੀਟਾਮੇਨੋਫੇਨ (acetaminophen) (ਉਦਾਹਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ਬ੍ਰਿਪਰੋਡਇਨ*) (ਉਦਹਾਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ। ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਏਐਸਏ (ASA) (ਉਦਹਾਰਣ ਲਈ ਐਸਪਰੀਨ (Aspirin®)) ਨਹੀਂ ਦਿੱਤੀ ਜਾਣੀ ਚਾਹੀਦੀ।

*ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨਾਲ ਪਹਿਲਾਂ ਗੱਲ ਕੀਤੇ ਬਿਨਾਂ 6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਆਈਬਿਊਪਰੋਫ਼ੈਨ ਨਹੀਂ ਦਿੱਤੀ ਜਾਣੀ ਚਾਹੀਦੀ।

ਰੇਏ ਸਿੰਡਰੋਮ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ HealthLinkBC File #84 ਰੇਏ ਸਿੰਡਰੋਮ 'ਤੇ ਜਾਓ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਅਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜ਼ਰੂਰੀ ਹੈ। ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ ਸੰਭਾਵਨਾ ਹੋ ਸਕਦੀ ਹੈ। ਅਜਿਹਾ ਵੈਕਸੀਨ ਪ੍ਰਾਪਤ ਕਰਨ ਵਾਲੇ ਇੱਕ ਮਿਲੀਅਨ ਵਿੱਚੋਂ ਇੱਕ ਤੋਂ ਵੀ ਘੱਟ ਲੋਕਾਂ ਵਿੱਚ ਹੁੰਦਾ ਹੈ। ਲੱਛਣਾਂ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇਕਰ ਇਹ ਪ੍ਰਤੀਕਿਰਿਆ ਹੁੰਦੀ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਉਸਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਏਪੀਨੇਫ੍ਰਿਨ (ਐਡਰੇਨਲਿਨ) ਦਿੱਤੇ ਜਾਣਾ ਅਤੇ ਐਂਬੂਲੈਂਸ ਦੁਆਰਾ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਟ੍ਰਾਂਸਫਰ ਕਰਨਾ ਸ਼ਾਮਲ ਹੈ। ਜੇਕਰ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਅਦ ਲੱਛਣ ਪੈਦਾ ਹੁੰਦੇ ਹਨ, ਤਾਂ **9-1-1** 'ਤੇ ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਕਾਲ ਕਰੋ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਗੰਭੀਰ ਜਾਂ ਅਚਾਨਕ ਹੋਣ ਵਾਲੀਆਂ ਪ੍ਰਤੀਕਿਰਿਆਵਾਂ ਦੀ ਰਿਪੋਰਟ ਕਰੋ।

## ਵੈਕਸੀਨ ਕਿਸ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ ਹੈ?

ਜੇਕਰ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਹੈਪੇਟਾਈਟਸ ਬੀ ਵੈਕਸੀਨ ਦੀ ਪਿਛਲੀ ਖ਼ੁਰਾਕ ਜਾਂ ਵੈਕਸੀਨ ਦੇ ਕਿਸੇ ਵੀ ਹਿੱਸੇ, ਜਿਵੇਂ ਕਿ ਯੀਸਟ ਜਾਂ ਲੇਟੈਕਸ ਪ੍ਰਤੀ ਜਾਨਲੇਵਾ ਪ੍ਰਤੀਕਿਰਿਆ ਹੋਈ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

ਜ਼ੁਕਾਮ ਜਾਂ ਹੋਰ ਹਲਕੀ ਬਿਮਾਰੀ ਦੇ ਕਾਰਨ ਟੀਕਾਕਰਨ ਕਰਵਾਉਣ ਵਿੱਚ ਦੇਰੀ ਕਰਨ ਦੀ ਕੋਈ ਲੋੜ ਨਹੀਂ ਹੈ। ਪਰ, ਜੇ ਤੁਹਾਨੂੰ ਕੋਈ ਚਿੰਤਾਵਾਂ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਹੈਪੇਟਾਈਟਿਸ ਬੀ ਲਾਗ ਕੀ ਹੈ?

ਹੈਪੇਟਾਈਟਸ ਬੀ ਜਿਗਰ 'ਤੇ ਹਮਲਾ ਕਰਨ ਵਾਲਾ ਇੱਕ ਵਾਇਰਸ ਹੈ। ਇਹ ਜਿਗਰ ਦੇ ਸਥਾਈ ਨੁਕਸਾਨ (ਸਿਰੋਸਿਸ) ਸਮੇਤ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ। ਹੈਪੇਟਾਈਟਸ ਬੀ ਜਿਗਰ ਦੇ ਕੈਂਸਰ, ਜੋ ਘਾਤਕ ਹੋ ਸਕਦਾ ਹੈ, ਦੇ ਮੁੱਖ ਕਾਰਨਾਂ ਵਿੱਚੋਂ ਇੱਕ ਵੀ ਹੈ। ਹੈਪੇਟਾਈਟਸ ਬੀ ਵਾਇਰਸ, ਵਾਇਰਸ ਨਾਲ ਸੰਕਰਮਿਤ ਵਿਅਕਤੀ ਦੇ ਖ਼ੂਨ ਜਾਂ ਸਰੀਰ ਦੇ ਤਰਲ ਦੇ ਸੰਪਰਕ ਦੁਆਰਾ ਫੈਲਦਾ ਹੈ। ਤੁਸੀਂ ਉਨ੍ਹਾਂ ਚੀਜ਼ਾਂ ਨੂੰ ਸਾਂਝਾ ਕਰਨ ਨਾਲ ਵਿਗਾੜਗ੍ਰਸਤ ਹੋ ਸਕਦੇ ਹੋ ਜਿਨ੍ਹਾਂ 'ਤੇ ਖ਼ੂਨ ਲੱਗਾ ਹੋਇਆ ਹੈ ਜਿਵੇਂ ਕਿ ਟੁੱਥਬ੍ਰਸ਼, ਰੇਜ਼ਰ, ਡੈਂਟਲ ਫਲਾਸ, ਜਾਂ ਨਸ਼ੀਲੇ ਪਦਾਰਥਾਂ ਦੇ ਟੀਕੇ ਲਗਾਉਣ ਲਈ ਵਰਤੀਆਂ ਜਾਣ ਵਾਲੀਆਂ ਸੂਈਆਂ। ਜੇਕਰ ਤੁਹਾਡੇ ਮੂੰਹ, ਨੱਕ ਜਾਂ ਅੱਖਾਂ ਵਿੱਚ ਸੰਕਰਮਿਤ ਖ਼ੂਨ ਦੇ ਛਿੱਟੇ ਪੈ ਜਾਂਦੇ ਹਨ, ਤੁਹਾਨੂੰ ਹੈਪੇਟਾਈਟਸ ਬੀ ਵਾਲੇ ਕਿਸੇ ਵਿਅਕਤੀ ਦੁਆਰਾ ਕੱਟਿਆ ਜਾਂਦਾ ਹੈ ਜਾਂ ਦੂਸ਼ਿਤ ਖ਼ੂਨ ਵਾਲੀ ਸੂਈ ਨਾਲ ਤੁਹਾਨੂੰ ਚੁੱਭ ਜਾਂਦੀ ਹੈ ਜਾਂ ਚੁੱਭਾ ਦਿੱਤੀ ਜਾਂਦੀ ਹੈ ਤਾਂ ਤੁਸੀਂ ਵਾਇਰਸ ਦੇ ਸੰਪਰਕ ਵਿੱਚ ਆ ਸਕਦੇ ਹੋ। ਵਾਇਰਸ ਹੈਪੇਟਾਈਟਸ ਬੀ ਵਾਇਰਸ ਨਾਲ ਸੰਕਰਮਿਤ ਵਿਅਕਤੀ ਨਾਲ ਅਸੁਰੱਖਿਅਤ ਸੈਕਸ ਰਾਹੀਂ ਵੀ ਫੈਲ ਸਕਦਾ ਹੈ। ਹੈਪੇਟਾਈਟਸ ਬੀ ਵਾਲੇ ਗਰਭਵਤੀ ਲੋਕ ਡਿਲੀਵਰੀ ਦੇ ਦੌਰਾਨ ਆਪਣੇ ਨਵਜੰਮੇ ਬੱਚਿਆਂ ਨੂੰ ਵਾਇਰਸ ਦੇ ਸਕਦੇ ਹਨ।

ਵਾਇਰਸ ਦੇ ਤੁਹਾਡੇ ਸਰੀਰ ਵਿੱਚ ਦਾਖਲ ਹੋਣ ਤੋਂ ਬਾਅਦ, ਲੱਛਣ ਵਿਕਸਤ ਹੋਣ ਵਿੱਚ ਆਮ ਤੌਰ 'ਤੇ 2 ਤੋਂ 3 ਮਹੀਨੇ ਲੱਗ ਜਾਂਦੇ ਹਨ। ਤੁਸੀਂ ਥਕਾਵਟ, ਬੁਖਾਰ, ਮਤਲੀ ਅਤੇ ਉਲਟੀਆਂ, ਭੁੱਖ ਨਾ ਲੱਗਣਾ, ਪੇਟ ਵਿੱਚ ਦਰਦ, ਗੂੜ੍ਹੇ ਪਿਸ਼ਾਬ, ਫਿੱਕੀ ਟੱਟੀ ਅਤੇ ਪੀਲੀਆ (ਚਮੜੀ ਅਤੇ ਅੱਖਾਂ ਦਾ ਪੀਲਾ ਹੋਣਾ) ਦਾ ਅਨੁਭਵ ਕਰ ਸਕਦੇ ਹਨ। ਹੈਪੇਟਾਈਟਸ ਬੀ ਦਾ ਸ਼ਿਕਾਰ ਹੋਣ ਵਾਲੇ ਬਹੁਤ ਸਾਰੇ ਲੋਕ ਕੋਈ ਵੀ ਲੱਛਣ ਨਹੀਂ ਦਰਸਾਉਂਦੇ ਅਤੇ ਹੋ ਸਕਦਾ ਹੈ ਕਿ ਉਹਨਾਂ ਨੂੰ ਇਹ ਨਾ ਪਤਾ ਹੋਵੇ ਕਿ ਉਹਨਾਂ ਨੂੰ ਇਹ ਬਿਮਾਰੀ ਹੈ। ਭਾਵੇਂ ਬਿਮਾਰੀ ਦੇ ਲੱਛਣ ਹੋਣ ਜਾਂ ਨਾ ਹੋਣ, ਤੁਸੀਂ ਵਾਇਰਸ ਨੂੰ ਦੂਜਿਆਂ ਤੱਕ ਫੈਲਾ ਸਕਦੇ ਹੋ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਤਾ-ਪਿਤਾ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਨ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਉਸ ਲਈ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ 'ਤੇ ਜਾਓ।

BC Centre for Disease Control
Provincial Health Services Authority